ਹਰ ਮਕਾਨ ਇਕ ਮੁੱਠ ਵਾਂਗੂੰ ਵੱਟਿਆ ਹੋਇਆ
ਕੰਧਾਂ—ਕਚੀਚੀਆਂ ਵਾਂਗੂੰ
ਤੇ ਨਾਲੀਆਂ, ਜਿਉਂ ਮੂੰਹਾਂ 'ਚੋਂ ਝੱਗ ਵਗਦੀ ਹੈ

ਇਹ ਬਹਿਸ ਖ਼ੌਰੇ ਸੂਰਜ ਤੋਂ ਸ਼ੁਰੂ ਹੋਈ ਸੀ
ਜੁ ਉਸ ਨੂੰ ਵੇਖ ਕੇ ਇਹ ਹੋਰ ਗਰਮ ਹੁੰਦੀ
ਤੇ ਹਰ ਬੂਹੇ ਦੇ ਮੂੰਹ 'ਚੋਂ—
ਫਿਰ ਸਾਈਕਲਾਂ ਤੇ ਸਕੂਟਰਾਂ ਦੇ ਪਹੀਏ
ਗਾਲ੍ਹਾਂ ਦੀ ਤਰ੍ਹਾਂ ਨਿਕਲਦੇ
ਤੇ ਘੰਟੀਆਂ ਤੇ ਹਾਰਨ ਇਕ ਦੂਜੇ 'ਤੇ ਝਪਟਦੇ

ਜਿਹੜਾ ਵੀ ਬਾਲ ਇਸ ਸ਼ਹਿਰ ਵਿਚ ਜੰਮਦਾ
ਪੁੱਛਦਾ ਕਿ ਕਿਹੜੀ ਗੱਲ ਤੋਂ ਇਹ ਬਹਿਸ ਹੋ ਰਹੀ ?
ਫਿਰ ਉਸ ਦਾ ਸਵਾਲ ਵੀ ਇਕ ਬਹਿਸ ਬਣਦਾ
ਬਹਿਸ ਵਿਚੋਂ ਨਿਕਲਦਾ ਬਹਿਸ ਵਿਚ ਰਲਦਾ

ਸੰਖਾਂ ਘੜਿਆਲਾਂ ਦੇ ਸਾਹ ਸੁੱਕੇ
ਰਾਤ ਆਉਂਦੀ, ਸਿਰ ਖਪਾਂਦੀ, ਤੇ ਚਲੀ ਜਾਂਦੀ
ਪਰ ਨੀਂਦਰ ਦੇ ਵਿਚ ਵੀ ਇਹ ਬਹਿਸ ਨਾ ਮੁੱਕੇ।
ਮਿਰਾ ਸ਼ਹਿਰ ਇਕ ਲੰਬੀ ਬਹਿਸ ਵਰਗਾ ਹੈ ...

* * *

My City

My city is like a long debate.
Its roads like pointless arguments lead to blind alleys,
its contentions streets thrust aggressively,
in myriad directions.

Every house is like a clenched first,
with its walls gritting their teeth,
as its epileptic drains froth at their mouths.

This debate started with the dawn,
and warmed up, in the heart of the rising sun.
Then from the mouth of every door,
clanging wheels of cycle and scooters,
hurled out like abuses
with bells and horns pouncing upon each other.

Every new born child would ask:
What is all this yakking about?

Even his question would turn into an interrogation mark
conceived in the encounted of one,
argument with another.
When they met on a shady lane,
walking the streets of my city.

Conchshells & kettledrums lost their voices.
Came the night, troubled mind and departed.
But even in sleep the argument was endless;

My city is like one long debate.

* * *

Merā Shahar....

mirā śahara ika lambī bahasa varagā hai
saikāṃ betukīyāṁ daliyāṁ hī tarāṃ-
jiūṁ iko galala sūṃ koī idhara ghasīṭadā koī ūdhara.
hara makāna ika muṭha vāgu vaṭṭiyā hoiyā
kandhā-kacīcīyāṁ vāṅgū
te nāliyāṃ, jiūṁ muṃhā vicoṃ jhaga vagadī hai.

iha bahasa khaure sūraja to śurū hoī sī
jo usa nū vekha ke iha hora garama hundī
te hara buhe de muṁha vicoṃ-
phira sāīkilāṃ te skūṭarāṃ de pahiye
gālāṃ dī taraha nikalade
te ghaṇṭiyāṁ de hārna ika dūje ūtte jhapaṭade.

jihaâdā vī bāla isa śahara vica jammadā
puchadā ki kihaâdī galla to iha bahasa ho rahī?
phira usa dā savāla vī ika bahasa banadā
bahasa vicoṃ nikaladā bahasa vica raladā
saṅkhāṃ ghaâdiyālāṃ de sāha sukke
rāta āūṃdī, sira khapāndī, te calī jāndī
para nīndara de vica vī iha bahasa nā mukke
mirā śahara ika lambī bahasa varagā hai.....

* * *

मिरा शहर.....

मिरा शहर इक लंबी बहस वरगा है
सइकां बेतुकीयाँ दलियाँ ही तरां–
जिऊँ इको गलल सूं कोई इधर घसीटदा कोई ऊधर।
हर मकान इक मुठ वागु वट्टिया होइया
कंधा–कचीचीयाँ वांगू
ते नालियां, जिऊँ मुंहा विचों झग वगदी है।

इह बहस खौरे सूरज तो शुरू होई सी
जो उस नू वेरव के इह होर गरम हुंदी
ते हर बुहे दे मुँह विचों–
फिर साईकिलां ते स्कूटरां दे पहिये
गालां दी तरह निकलदे
ते घंटियाँ दे हार्न इक दूजे ऊत्ते झपटदे।

जिहड़ा वी बाल इस शहर विच जंमदा
पुछदा कि किहड़ी गल्ल तो इह बहस हो रही ?
फिर उस दा सवाल वी इक बहस वनदा
वहस विचों निकलदा बहस विच रलदा
संरवां घड़ियालां दे साह सुक्के
रात आऊंदी, सिर खपांदी, ते चली जांदी
पर नींदर दे विच वी इह बहस ना मुक्के
मिरा शहर इक लंबी बहस वरगा है.....

* * *

ਚੁੱਪ

ਮਨ ਦੀ ਇਸ ਘੜਵੰਜੀ ਉੱਤੇ
ਸੋਚਾਂ ਵਾਲੀ ਗਾਗਰ ਖ਼ਾਲੀ
ਚੁੱਪ ਮੇਰੀ ਤਰਿਹਾਈ ਬੈਠੀ
ਹੋਠਾਂ ਉੱਤੇ ਜੀਭ ਫੇਰਦੀ
ਦੋ ਹਰਫ਼ਾਂ ਦਾ ਪਾਣੀ ਲੱਭੇ।

ਇਸ਼ਕ ਮੇਰੇ ਨੇ ਖੂਹ ਖੁਟਾਇਆ
ਦਿਹੁੰ ਜਿਸ ਤਰ੍ਹਾਂ ਕਹੀਆਂ ਵੱਜਣ
ਰਾਤਾਂ ਜੀਕਣ ਕਣੀ ਗੈਂਤੀਆਂ
ਵਰ੍ਹੇ ਜਿਸ ਤਰ੍ਹਾਂ ਪੱਥਰ ਟੁੱਟੇ
ਪਾਣੀ ਅਜੇ ਕਿਤੇ ਨਾ ਲੱਭੇ।

ਮਨ ਦੀ ਇਸ ਘੜਵੰਜੀ ਉੱਤੇ
ਗਾਗਰ ਬੈਠੀ ਮੂਧੀ ਹੋ ਕੇ
ਸਭ ਕੁਝ ਤੱਕੇ, ਬੋਲ ਨਾ ਸਕੇ
ਜੀਭ ਕਿਸ ਤਰ੍ਹਾਂ ਮੁੜੀ ਆਕੜੀ
ਹੋਠ ਕਿਸ ਤਰ੍ਹਾਂ ਚਿੱਬ ਖੜਿੱਬੇ।

ਸਭਨਾਂ ਵਲੋਂ ਮੂੰਹ ਮੋੜ ਕੇ
ਪਾਣੀ ਨਾਲੋਂ ਸਾਕ ਤੋੜ ਕੇ
ਇਕ ਬੰਨੇ ਇਕ ਵਾਸਾ ਬੈਠਾ
'ਕੱਲਾ ਖੂਹ ਜੁਗਾਲੀ ਕਰਦਾ
ਮਿੱਟੀ ਕਿੱਥੇ, ਪੱਥਰ ਚੱਬੇ।

* * *

Silence

On this pitcher-wrack of minds
my minds pitcher is emptied of thought.
My silence is parched with thirst
and sucks its lips for a drop of words.

My love had drilled a well
with days as spades, nights as forks.
Smashing the stones of many years
but not a drop of water was found.

On this pitcher-wreck of minds
site my pitcher upside down
It sees all but cannot speak
my tongue parched and twisted
and lips moistened out of shape.

Turning its back on everyone
breaking its bond with the water
The abandoned well droops,
chewing the cud of the earth
chewing mud and chewing stones.

* * *

Chup....

mana kī isa caâdavañjī utte
socāṃ vālī gāgara khālī
cupa baiṭhī tarihāī baiṭhī
hoṭhāṃ utte jībha pheradī
đo haraphāṃ dā pānī lage.
iśka mere ne khūha khurāīyā
diṃhu jisa taraha kahīyāṃ vajjaba
rātāṃ jīkaṇa kaī gaiṃlīyāṃ
vare jisa taraha patthara ṭuṭṭe
pānī ane kite nā labhe.
mana dī isa chaâdavañjī utte
gāgara baiṭhī sūdhī hoke
saba kujha takke, bola nā sake
jībha kisa taraha muâdī akaâdī
hoṭha kisa taraha cibba khaâdibe
samanāṃ vallomṃ muṃha moâda ke
pānī nāloṃ khāka toâda ke
ika banne ika vāsā baiṭhā
ikallā khaha jugālī karadā
miṭṭī kiye, patthara cabbe.

* * *

चुप.....

मन की इस चड़वंजी उत्ते
सोचां वाली गागर खाली
चुप बैठी तरिहाई बैठी
होठां उत्ते जीभ फेरदी
दो हरफां दा पानी लगे।
इश्क मेरे ने खूह खुराईया
दिंहु जिस तरह कहीयां वज्जब
रातां जीकण कई गैंलीयां
वरे जिस तरह पत्थर दुट्टे
पानी अने किते ना लभे।
मन दी इस छड़वंजी उत्ते
गागर बैठी सूधी होके
सब कुझ तक्के, बोल ना सके
जीभ किस तरह मुड़ी आकड़ी
होठ किस तरह चिब्ब खड़िबे
समनां वल्लों मुंह मोड़ के
पानी नालों खाक तोड़ के
इक बन्ने इक वासा वैठा
इकल्ला खह जुगाली करदा
मिट्टी किये, पत्थर चब्बे।

* * *

ਚੁੱਪ ਦੀ ਸਾਜ਼ਿਸ਼

ਰਾਤ ਉਘਲਾਂਦੀ ਪਈ ...
ਕਿਸੇ ਨੇ ਇਨਸਾਨ ਦੀ ਛਾਤੀ ਨੂੰ ਸੰਨ੍ਹ ਲਾਈ ਹੈ
ਹਰ ਚੋਰੀ ਤੋਂ ਭਿਆਨਕ ਇਹ ਸੁਪਨਿਆਂ ਦੀ ਚੋਰੀ ਹੈ।

ਚੋਰਾਂ ਦੇ ਖੁਰੇ—
ਹਰ ਦੇਸ ਦੇ ਹਰ ਸ਼ਹਿਰ ਦੀ ਹਰ ਸੜਕ 'ਤੇ ਬੈਠੇ
ਪਰ ਕੋਈ ਅੱਖ ਤੱਕਦੀ ਨਹੀਂ, ਨਾ ਚੌਂਕਦੀ

ਸਿਰਫ਼ ਇਕ ਕੁੱਤੇ ਦੀ ਤਰ੍ਹਾਂ ਇਕ ਸੰਗਲੀ ਦੇ ਨਾਲ ਬੱਝੀ
ਕਿਸੇ ਵੇਲੇ, ਕਿਸੇ ਦੀ, ਕੋਈ ਨਜ਼ਮ ਭੌਂਕਦੀ ...

Conspiracy of silence

The night is drowsy
And someone
has broken into the breast
To steal his dreams,
the theft of dreams,
is the greatest disaster

The tracks of the thieves
are stamped
on every street,
of every city,
of every country.
But no eye beholds them,
no-one is shocked.

At times only a solitary poem howls
like a dog, tied to a chain

Chupp Dī Sāzish....

rāta uṃghalādī paī.....
kise ne iṃsāna dī chāttī nūṃ sannū lāī hai
hara corī to bhayānaka iha supaniyāṃ dī corī hai

cora de khure-
hara deśa de hara śahara de hara saḑaka utte baiṭhe
para koī akkha takadī nahīṃ, nā cauṅkadī
sirapha ina ghatte ki taraha ika saṅgali de nāla
kise bujhī vele, kise dī, koī nazma bhoṅkadī.....

चुप्प दी साज़िश.....

रात उंघलादी पई.....
किसे ने इंसान दी छात्ती नूं सन्नू लाई है
हर चोरी तो भयानक इह सुपनियां दी चोरी है

चोर दे खुरे–
हर देश दे हर शहर दे हर सड़क उत्ते बैठे
पर कोई अक्खव तकदी नहीं, ना चौंकदी
सिरफ इन घत्ते की तरह इक संगली दे नाल
किसे बुझी वेले, किसे दी, कोई नज़्म भौंकदी.....

* * *

ਮੇਰਾ ਪਤਾ

ਅੱਜ ਮੈਂ ਆਪਣੇ ਘਰ ਦਾ ਨੰਬਰ ਮਿਟਾਇਆ ਹੈ
ਤੇ ਗਲੀ ਦੇ ਮੱਥੇ ਤੇ ਲੱਗਾ ਗਲੀ ਦਾ ਨਾਉਂ ਹਟਾਇਆ ਹੈ
ਤੇ ਹਰ ਸੜਕ ਦੀ ਦਿਸ਼ਾ ਦਾ ਨਾਉਂ ਪੂੰਝ ਦਿੱਤਾ ਹੈ
ਪਰ ਜੇ ਤੁਸਾਂ ਮੈਨੂੰ ਜ਼ਰੂਰ ਲੱਭਣਾ ਹੈ
ਤਾਂ ਹਰ ਦੇਸ ਦੇ, ਹਰ ਸ਼ਹਿਰ ਦੀ, ਹਰ ਗਲੀ ਦਾ ਬੂਹਾ ਠਕੋਰੋ,
ਇਹ ਇਕ ਸਰਾਪ ਹੈ, ਇਕ ਵਰ ਹੈ,
ਤੇ ਜਿੱਥੇ ਵੀ ਸੁਤੰਤਰ ਰੂਹ ਦੀ ਝਲਕ ਪਵੇ
—ਸਮਝਣਾ ਉਹ ਮੇਰਾ ਘਰ ਹੈ ...।

* * *

My Address

Today I effaced the number of my house and
The name of the street at the top of the street;
I removed the signposts of all the roads;
Even so if you must find where I am
You must knock at the door
Of every house in every street, city and country.

This is both a curse and a benediction
Wherever you come across a liberated soul
You can take it to be my home.

* * *

Merā Patā...

aja maiṃ āpaṇe ghara dā nambara miṭāiā hai
te galī de matthe te laggā galī dā nāṃuṃ haṭāiyā hai
te hara saḑaka dī diśā dā nāuṃ pūñjha dittā hai
para je tusā mainnūṃ zarūra labhaṇā hai
tāṃ hara desa de, hara śahara dī, hara galī dā būhā ṭhakore
iha ika sarāpa hai, ika vara hai
te jithe vī sutantara rūha dī jhalaka pave
.....samajhaṇā uha merā ghara hai.

मेरा पता.....

अज मैं आपणे घर दा नम्बर मिटाइआ है
ते गली दे मत्थे ते लग्गा गली दा नांउं हटाइया है
ते हर सड़क दी दिशा दा नाउं पूंझ दित्ता है
पर जे तुसा मैंनूं ज़रूर लभणा है
तां हर देस दे, हर शहर दी, हर गली दा वूहा ठकोरो
इह इक सराप है, इक वर है
ते जिथे वी सुतंतर रूह दी झलक पवे
.....समझणा उह मेरा घर है।

* * *

ਮੋਮਬੱਤੀ

ਮੈਂ ਇਕ ਗਿਰਜੇ ਦੀ ਮੋਮਬੱਤੀ ...
ਰੋਜ਼ ਛਾਤੀ ਦੀ ਅੱਗ ਨੂੰ ਪੈਰਾਂ 'ਚ ਬਾਲ ਕੇ
ਮੈਂ ਗਿਰਜੇ ਤੋਂ ਬਾਹਰ ਜਾਂਦੀ ਹਾਂ,
ਤੇ ਜਗਦੀਆਂ ਬੁਝਦੀਆਂ ਅੱਖਾਂ 'ਚੋਂ ਗੁਜ਼ਰ ਕੇ
ਮੈਂ ਅੱਖਰਾਂ ਦੇ ਹੁਸਨ ਤਕ ਪਹੁੰਚ ਜਾਂਦੀ ਹਾਂ ...
ਪਰ ਅੱਖਰਾਂ ਦਾ ਹੁਸਨ ਕਾ਼ਗ਼ਜ਼ ਦੀ ਅਮਾਨਤ
ਜਦ ਕਿਸੇ ਕਾ਼ਗ਼ਜ਼ 'ਚੋਂ ਬਾਹਰ ਔਂਦਾ ਹੈ
ਧਰਤੀ ਦਾ ਬਦਨ ਛੋਂਹਦਾ ਹੈ
ਤਾਂ ਧਰਤੀ ਦੇ ਲਹੂ ਵਿਚ ਭਿਜਦਾ ਹੈ ...

ਓ ਮੇਰੇ ਅੱਜ ਦੇ ਮਸੀਹਾ !
ਤੂੰ ਨਹੀਂ ਲਭਦਾ ਕਿਤੇ
ਤਾਂ ਮੈਂ ਟਿਮਟਿਮਾਂਦੀ ਜਹੀ—
ਸਿਰਫ਼ ਗੋਲੀਆਂ ਤੇ ਬੰਦੂਕਾਂ ਦੀ ਆਵਾਜ਼ ਸੁਣਦੀ
ਉਸ ਗਿਰਜੇ ਵਿਚ ਪਰਤ ਔਂਦੀ ਹਾਂ
ਜੋ ਹਾਲੇ ਵੀ ਕਿਸੇ ਦੇਸ ਵਿਚ ਨਹੀਂ ਬਣਿਆ ...
ਮੈਂ ਇਕ ਗਿਰਜੇ ਦੀ ਮੋਮਬੱਤੀ ...

* * *

The Candle

I am like a candle in a cathedral.
Every day I light my feet with my heart's flame
and step out of the church.
I pass through eyes that conceal sorrow and faith,
and reach the inherent beauty of words.
Yet words retain their beauty only on paper.
When that beauty escapes the printed page
and touches the flesh of earth,
it is drenched in the blood of the soil.

O Messiah of all our todays!
When I fail to find you any where,
my flame flickers.
All I can hear are bullets whistling
And the thunder of guns.
Then I retrieve my steps to the Cathedral
which has yet to be built anywhere.

* * *

Momabattī....

maiṃ ika giraje dī momabattī.....
roza chātī dī agga nūṃ paise vica bāla ke
maiṃ giraje to bāhara jāndī ho,
te jagadīyāṃ bujhadīyāṃ akkhāṃ vicoṃ guzara ke
maiṃ akkharāṃ de husna taka pahuñca jāndī hāṃ.....
para akkharāṃ kāgẖaza vicoṃ bāhara oṃdī hai
dharatī dā badana choṃhadā hai
tāṃ dharatī de lahu vica bhijadā hai.....

o mere ajja de masīha!
tū nahīṃ lagadā kite
tāṃ maiṃ ṭimaṭimāndī jahī-
sirapha goliyāँ te bandūkāṃ dī āvāza sunadī
usa giraje vica parata oṃdī hai
jo hāle vī kise desa vica nahīṃ baniyā.....
maiṃ ika giraje dī momabattī.....

मोमबत्ती.....

मैं इक गिरजे दी मोमबत्ती.....
रोज़ छाती दी अग्ग नूं पैसे विच बाल के
मैं गिरजे तो बाहर जांदी हो,
ते जगदीयां वुझदीयां अक्खां विचों गुज़र के
मैं अक्खरां दे हुरन तक पहुंच जांदी हां.....
पर अक्खरां दा हुरन कागज़ दो अमानत
जद किसे कागज़ विचों बाहर ओंदी है
धरती दा बदन छोंहदा है
तां धरती दे लहु विच भिजदा है.....

ओ मेरे अज्ज दे मसीह!
तू नहीं लगदा किते
तां मैं टिमटिमांदी जही–
सिरफ गोलियाँ ते बंदूकां दी आवाज़ सुनदी
उस गिरजे विच परत ओंदी है
जो हाले वी किसे देस विच नहीं वनिया.....
मैं इक गिरजे दी मोमबत्ती.....

* * *

ਮੈਂ

ਬਹੁਤ ਸਮਕਾਲੀ ਹਨ—
ਸਿਰਫ਼ ਇਕ "ਮੈਂ" ਮੇਰਾ ਸਮਕਾਲੀ ਨਹੀਂ।

"ਮੈਂ" ਬਿਨਾਂ ਮੇਰਾ ਜਨਮ—
ਪੁੰਨ ਦੀ ਥਾਲੀ ਦੇ ਵਿਚ ਅਪਰਾਧ ਦਾ ਇਕ ਸਗਣ ਹੈ।
ਮਾਸ ਦੇ ਵਿਚ ਕੈਦ ਹੋਇਆ ਮਾਸ ਦਾ ਇਕ ਛਿਣ ਹੈ।

ਤੇ ਮਾਸ ਦੀ ਇਸ ਜੀਭ ਉਤੇ—
ਜਦੋਂ ਵੀ ਕੋਈ ਲਫ਼ਜ਼ ਆਉਂਦਾ, ਖ਼ੁਦਕੁਸ਼ੀ ਕਰਦਾ,
ਜੇ ਖ਼ੁਦਕੁਸ਼ੀ ਤੋਂ ਬਚਦਾ—
ਕਾਗ਼ਜ਼ 'ਤੇ ਉਤਰਦਾ, ਤਾਂ ਕਤਲ ਹੁੰਦਾ ਹੈ।

ਬੰਦਕ ਦੀ ਗੋਲੀ—
ਜੇ ਇਕ ਵਾਰ ਮੈਨੂੰ ਹਨੋਈ ਵਿਚ ਲਗਦੀ ਹੈ,
ਤਾਂ ਦੂਸਰੀ ਵਾਰੀ ਪਰਾਗ ਵਿਚ ਲਗਦੀ।

ਤੇ ਇਕ ਧੂੰਆਂ ਹਵਾ ਦੇ ਵਿਚ ਤਰਦਾ ਹੈ,
ਤੇ ਮੇਰਾ "ਮੈਂ" ਅਠਮਾਹੇ ਬੱਚੇ ਦੀ ਤਰ੍ਹਾਂ ਮਰਦਾ ਹੈ।
ਕੀ ਕਿਸੇ ਦਿਨ, ਇਹ ਮੇਰਾ "ਮੈਂ" ਮੇਰਾ ਸਮਕਾਲੀ ਬਣੇਗਾ ?

The Self

Too many contemporaries.
The 'self' is not a contemporary, though.

My birth without the 'self' is
an omen of crime in virtue's salver.
A moment of flesh imprisoned in flesh.

The word commits suicide when
it touches the tongue of flesh
But if it escapes suicide,
gets killed on the surface of paper.

A fire shot...
pierces me once in Hanoi,
strikes in Prague.
A smoke floats in the air
and the 'self' dies like a premature child.

Will the 'self' be my contemporary, someday?

Maiṃ....

bahuta samakālī hana.....
sirfa ika 'maiṃ' merā samakālī nahīṃ.

"maiṃ" binā merā janama
punna dī thālī de vica aparādha dā ika sagaṇa hai.
bhāsa de vica kaida hoyā māsa dā ika chiṇa hai.

te māsa dī isa jībha utte.....
jaḍoṃ vī koī lafza āuṃdā, khudakaśī karadā,
je khudakaśī toṃ bacadā.....
kāghaza te utaradā, tāṃ katala hundā hai.

bandūka dī golī.....
je ika vāra mainūṃ hanoī bica lagadī hai,
tāṃ dūsarī vārī parāga bica lagadī
te ika dhuāṃ havā de vica taradā hai,
te merā 'maiṃ' aṭhamāhe bacce dī tarahāṃ maradā hai.
kī, kise dina, eha merā 'maiṃ' merā samakālī baṇegā?

* * *

मैं.....

बहुत समकाली हन.....
सिर्फ़ इक 'मैं' मेरा समकाली नहीं।

'मैं' बिना मेरा जनम
पुन्न दी थाली दे विच अपराध दा इक सगण है।
मास दे विच कैद होया मास दा इक छिण है।

ते मास दी इस जीभ उत्ते.....
जदों वी कोई लफ़्ज़ आउंदा, ख़ुदकशी करदा,
जे ख़ुदकशी तों बचदा.....
कागज़ ते उतरदा, तां कतल हुंदा है।

बन्दूक दी गोली.....
जे इक वार मैनूं हनोई विच लगदी है,
तां दूसरी वारी पराग विच लगदी
ते इक धुआं हवा दे विच तरदा है,
ते मेरा 'मैं' अठमाहे वच्चे दी तरहां मरदा है।
की, किसे दिन, एह मेरा 'मैं' मेरा समकाली वणेगा ?

* * *

ਇਕ ਦ੍ਰਿਸ਼ਟੀਕੋਣ

ਸੂਰਜ ਨੂੰ ਸਾਰੇ ਖ਼ੂਨ ਮਾਫ਼ ਹਨ।
ਦੁਨੀਆਂ ਦੇ ਹਰ ਇਨਸਾਨ ਦਾ
ਉਹ ਰੋਜ਼ 'ਇਕ ਦਿਨ' ਕਤਲ ਕਰਦਾ ਹੈ
ਤੇ ਹਰ ਇਕ ਉਮਰ ਦਾ ਇਕ ਟੁਕੜਾ ਰੋਜ਼ ਜ਼ਿਬਾਹ ਹੁੰਦਾ ਹੈ

ਇਨਸਾਨ ਦੇ ਅਖ਼ਤਿਆਰ ਸਿਰਫ਼ ਏਨਾ ਹੈ—
ਕਿ ਜ਼ਿਬਾਹ ਹੋਏ ਟੁਕੜੇ ਨੂੰ
ਉਹ ਘਬਰਾ ਕੇ ਸੁੱਟ ਦੇਵੇ, ਤੇ ਡਰੇ,
ਜਾਂ ਨਿੱਡਰ ਉਸ ਨੂੰ ਕਬਾਬ ਵਾਂਗ ਭੁੰਨੇ, ਖਾਵੇ,
ਤੇ ਸਾਹਵਾਂ ਦੀ ਸ਼ਰਾਬ ਪੀਂਦਾ
ਉਹ ਅਗਲੇ ਟੁਕੜੇ ਦੀ ਉਡੀਕ ਕਰੇ ...

An Aspect

The sun is absolves of his crimes.
Each day he murders
another day of every human life,
A part of our existence is butchered every day.

All that a man can do
is discard the severed part in panic.
Or roast it with temerity
for the next meal.
Sipping the wine of his breath
to await the next slice.

* * *

Ik Dṛishṭikoṇ....

sūraja nūṃ sāre <u>kh</u>ūna māfa hana.
duniyāṃ de hara insāna dā
oha roza 'ika dina' qatala karadā hai
te hara ika umra dā ika ṭukaṷdā roza zibaha hundā hai

inasāna de a<u>kh</u>atiyāra sirfa ainā hai.....
ki zibaha hoye ṭukaṷde nūṃ
oha ghabarā ke suṭa deve, te ḍare,
jāṃ niḍara osa nūṃ kabāba vāṅga bhune, khāve,
te sāhavāṃ dī śarāba pīndāṃ
oha agale ṭukaṷde dī uṷdīka kare.....

इक दृष्टिकोण.....

सूरज नूं सारे ख़ून माफ़ हन।
दुनियां दे हर इन्सान दा
ओह रोज़ 'इक दिन' क़तल करदा है
ते हर इक उम्र दा इक टुकड़ा रोज़ ज़िबह हुंदा है

इनसान दे अख़तियार सिर्फ़ ऐना है.....
कि ज़िबह होये टुकड़े नूं
ओह घबरा के सुट देवे, ते डरे,
जां निडर ओस नूं कबाव वांग भुने, खावे,
ते साहवां दी शराब पींदां
ओह अगले टुकड़े दी उड़ीक करे.....

* * *

ਕੁ਼ਫ਼ਰ

ਅੱਜ ਅਸਾਂ ਇਕ ਦੁਨੀਆਂ ਵੇਚੀ
ਤੇ ਇਕ ਦੀਨ ਵਿਹਾਜ ਲਿਆਏ
ਗੱਲ ਕੁ਼ਫ਼ਰ ਦੀ ਕੀਤੀ।

ਸਪਨੇ ਦਾ ਇਕ ਥਾਨ ਉਣਾਇਆ
ਗਜ਼ ਕੁ ਕੱਪੜਾ ਪਾੜ ਲਿਆ, ਤੇ
ਉਮਰ ਦੀ ਚੋਲੀ ਸੀਤੀ।

ਅੱਜ ਅਸਾਂ ਅੰਬਰ ਦੇ ਘੜਿਓਂ
ਬੱਦਲ ਦੀ ਇਕ ਚੱਪਣੀ ਲਾਹੀ
ਘੁੱਟ ਚਾਨਣੀ ਪੀਤੀ।

ਗੀਤਾਂ ਨਾਲ ਚੁਕਾ ਜਾਵਾਂਗੇ
ਇਹ ਜ ਅਸਾਂ ਮੌਤ ਦੇ ਕੋਲੋਂ
ਘੜੀ ਉਧਾਰੀ ਲੀਤੀ।

Blasphemy
(Kufra)

Today I sold a world
and bought a religion.
It was an act of blasphemy.

I wove a cloth of dreams,
tore off a yard
And stitched a sip of moonlight.

This one moment
borrowed from death
I will repay with songs.

* * *

Gustākhī...

aja asāṃ ika duniyā vecī
te ika dīna vihāja liāe
gala kufra dī kītī

supane dā ika thāna uṇāiyā
gaza ku kapaâdā pāâda liā, te
umara dī colī sītī.

aja asāṃ aṃbara de ghaâioṃ
badala dī ika capaṇī lāhī
ghuṭa cānaṇī pītī

gītāṃ nāla cukā jāvāṅge
eha jū asāṃ mauta de koloṃ
ghaâī udhārī līti

गुस्ताख़ी.....

अज असां इक दुनीया वेची
ते इक दीन विहाज लिआए
गल कुफ़र दी कीती

सुपने दा इक थान उणाइया
गज़ कु कपड़ा पाड़ लिआ, ते
उमर दी चोली सीती।

अज असां अंबर दे घड़िओं
बदल दी इक चपणी लाही
घुट चानणी पीती

गीतां नाल चुका जावांगे
एह जू असां मौत दे कोलों
घड़ी उधारी लीती

* * *

ਸਿਆਲ

ਜਿੰਦ ਮੇਰੀ ਠੁਰਕਦੀ,
ਹੋਠ ਨੀਲੇ ਹੋ ਗਏ,
ਤੇ ਆਤਮਾ ਦੇ ਪੈਰ ਵਿੱਚੋਂ
ਕੰਬਣੀ ਚੜ੍ਹਦੀ ਪਈ।

ਵਰ੍ਹਿਆਂ ਦੇ ਬੱਦਲ ਗਰਜਦੇ
ਇਸ ਉਮਰ ਦੇ ਅਸਮਾਨ ਤੇ
ਵੇਹੜੇ ਦੇ ਵਿਚ ਪੈਂਦੇ ਪਏ
ਕਾਨੂੰਨ, ਗੋਹੜੇ ਬਰਫ਼ ਦੇ।

ਗਲੀਆਂ ਦੇ ਚਿੱਕੜ ਲੰਘ ਕੇ
ਜੇ ਅਜ ਤੂੰ ਆਵੇਂ ਕਿਤੇ ...
ਮੈਂ ਪੈਰ ਤੇਰੇ ਧੋ ਦਿਆਂ,
ਬੁੱਤ ਤੇਰਾ ਸੂਰਜੀ
ਕੰਬਲ ਦੀ ਕੰਨੀ ਚੁੱਕ ਕੇ
ਮੈਂ ਹੱਡਾਂ ਦੀ ਠਾਰ ਭੰਨ ਲਾਂ।

ਇਕ ਕੌਲੀ ਧੁੱਪ ਦੀ
ਮੈਂ ਡੀਕ ਲਾ ਕੇ ਪੀ ਲਵਾਂ
ਤੇ ਇਕ ਟੋਟਾ ਧੁੱਪ ਦਾ
ਮੈਂ ਕੁੱਖ ਦੇ ਵਿਚ ਪਾ ਲਵਾਂ

ਤੇ ਫੇਰ ਖ਼ੈਰੇ ਜਨਮ ਦਾ
ਇਹ ਸਿਆਲ ਗੁਜ਼ਰ ਜਾਏਗਾ ...

* * *

Cold

I am shivering in the cold.
My lips have turned blue
A chill enters my body
through the soul of my feet.

Clouds of years are thundering
over the sky of age.
The laws fall in my yard
like hailstones.

Should you come at this moment,
through lanes full of mud,
I will wash your feet with my hands.

You are like the sun.
I will lift a corner of my rug
and warm my hands and feet.

I will drink in a breath
a cup-full of the sun;
And take a ray of sunlight
in to my womb.

And perhaps in this way
the harsh winter of life
would be easier to bear.



Sardī....

jinda merī ṭhurakadī
hoṭha nīle ho gae
te ātmā de paira vicoṃ
kambaṇī caḍhadī paī

varihāṃ de badala garajade
isa umara de asamāna te
vehaḍe de vica paiṇde pae
kānūna gohaḍe barapha de

galīāṃ de cikkaḍa laṅgha ke-
je aja tū āveṃ kite.....
maiṃ paira tere dho diāṃ
butta terā sūrajī-
kambala dī kannī cuka ke
maiṃ haḍḍāṃ dā ṭhāra bhanna lāṃ.

ika kaulī dhuppa dī
maiṃ ḍīka lā ke pī lavāṃ
te ika ṭoṭā dhupa dā
maiṃ kukkha de vica pā lavāṃ

te phera khore janama dā
iha sivā guzara jāegā

* * *

सर्दी.....

जिंद मेरी ठुरकदी,
होठ नीले हो गए
ते आत्मा दे पैर विचों
कम्बणी चढ़दी पई

वरिहां दे बदल गरजदे
इस उमर दे असमान ते
वेहड़े दे विच पैंदे पए
कानून गोहड़े बरफ दे

गलीआं दे चिक्कड़ लंघ के–
जे अज तू आवें किते.....
मैं पैर तेरे धो दिआं
बुत्त तेरा सूरजी–
कम्बल दी कन्नी चुक के
मैं हड्डां दा ठार भन्न लां।

इक कौली धुप्प दी
मैं डीक ला के पी लवां
ते इक टोटा धुप दा
मैं कुक्रव दे विच पा लवां

ते फेर स्वोरे जनम दा
इह सिवाल गुज़र जाएगा

* * *

ਅਟੇਰਨ

ਕਲਮ ਨੇ ਅੱਜ ਤੋੜਿਆ ਗੀਤਾਂ ਦਾ ਕਾਫ਼ੀਆ
ਇਸ਼ਕ ਮੇਰਾ ਪਹੁੰਚਿਆ ਇਹ ਕਿਹੜੇ ਮੁਕਾਮ 'ਤੇ !

ਵੇਖ ਨਜ਼ਰਾਂ ਵਾਲਿਆ ! ਕਿ ਬਹਿਨੀ ਆਂ ਚਾਨਣੇ
ਤਲੀ ਵਿਚੋਂ ਹਿਜਰ ਦੀ ਛਿਲਤਰ ਨੂੰ ਕੱਢ ਦੇ !

ਜਿਸ ਹਨੇਰੇ ਤੋਂ ਸਿਵਾਇ ਹੋਰ ਕੁਝ ਨਾ ਕੱਤਿਆ
ਉਹ ਮੁਹੱਬਤ ਦੇ ਗਈ ਅੱਜ ਕਿਰਨਾਂ ਅਟੇਰ ਕੇ।

ਉੱਠ ਆਪਣੇ ਘੜੇ 'ਚੋਂ ਪਾਣੀ ਦਾ ਕੌਲ ਦੇਹ !
ਧੋ ਲਵਾਂਗੀ ਬੈਠ ਕੇ ਰਾਹਵਾਂ ਦੇ ਹਾਦਸੇ।

The Spool

Today my pen has smashed
the bond of rhyme that shackle my songs;
What new height has my love attained!

You have eyes to see, come and look
I will sit under a light and put out my hand
For you to pick out the splinter of separation
from the palm of my love.

The love that used to spin
nothing but darkness
Today left me
a whole spool of bright rays.

Arise and from your pitcher give me a cup full of water!
I will sit down to wash all that passed on way.

Charkhī....

qalama ne aja toâdayā gītāṃ dā qāfiyā
iśka merā pahuñcayā eha kehaâde muqāma te

vekha nazarāṃ vāleyā! kī behani āṃ cānaṇe
talī vicoṃ hijara dī chilatara nūṃ kaâda de!

jisa hanere toṃ sivāe hora kujha nā katiyā
oha muhabbata de gaī aja kiranāṃ aṭera ke!

uṭha āpaṇe ghaâde "coṃ pāṇī dā kaula de
dho lavāṅgī baiṭha rāhavāṃ de hādase!

चरखी.....

क़लम ने अज तोड़या गीतां दा क़ाफ़िया
इश्क़ मेरा पहुंचया एह केहड़े मुक़ाम ते!

वेख्व नज़रां वालेया! की बेहनि आं चानणे
तली विचों हिजर दी छिलतर नूं कड़ दे!

जिस हनेरे तों सिवाए होर कुझ ना कतिया
ओह मुहब्बत दे गई अज किरनां अटेर के।

उठ आपणे घड़े 'चों पाणी दा कौल दे
धो लवांगी बैठ राहवां दे हादसे।

* * *

ਖ਼ਾਲੀ ਜਗਹ

ਸਿਰਫ਼ ਦੋ ਰਜਵਾੜੇ ਸਨ
ਇਕ ਨੇ ਮੈਨੂੰ ਤੇ ਉਹਨੂੰ ਬੇਦਖ਼ਲ ਕੀਤਾ ਸੀ।
ਤੇ ਦੂਜੇ ਨੂੰ ਅਸਾਂ ਦੋਹਾਂ ਨੇ ਤਿਆਗ ਦਿੱਤਾ ਸੀ

ਨੰਗੇ ਅਸਮਾਨ ਦੇ ਹੇਠਾਂ—
ਮੈਂ ਕਿੰਨਾ ਹੀ ਚਿਰ ਪਿੰਡੇ ਦੇ ਮੀਂਹ ਵਿਚ ਭਿਜਦੀ ਰਹੀ
ਉਹ ਕਿੰਨਾ ਹੀ ਚਿਰ ਪਿੰਡੇ ਦੇ ਮੀਂਹ ਵਿਚ ਗਲਦਾ ਰਿਹਾ

ਫੇਰ ਵਰ੍ਹਿਆਂ ਦੇ ਮੋਹ ਨੂੰ ਇਕ ਜ਼ਹਿਰ ਵਾਂਗ ਪੀ ਕੇ
ਉਹ ਕੰਬਦੇ ਹੱਥ ਨੇ ਮੇਰਾ ਹੱਥ ਫੜਿਆ
"ਚੱਲ ! ਛਿਣਾਂ ਦੇ ਸਿਰ ਤੇ ਇਕ ਛੱਤ ਪਾਈਏ
ਵੇਖ ! ਅਹੁ-ਸਾਹਮਣੇ, ਪਰ੍ਹਾਂ, ਉੱਧਰ
ਸੱਚ ਅਤੇ ਝੂਠ ਦੇ ਵਿਚਕਾਰ—ਕੁਝ ਜਗਹ ਖ਼ਾਲੀ ਹੈ ...

Empty Space

There were only two kingdoms:
one disowned both him and me
And the other we ourselves abandoned.

Under the naked sky-
I was drenched by my body's shower
Which continued a long age
rotted in the continuing downpour.

Then he took the goblet brimming with the love of years
and quaffed it like cup full of poison.
His quaking hand sought mine:
"Come! Let us take a moment's shelter under some roof
Look! there – before you, a little way off
There is an empty space...
between truth and falsehood."

* * *

Khālī Jagah....

sirafa do rajavāde sana.....
ika ne mainuṃ te uhanūṃ bedakhala kītā sī,
te dūje nūṃ asāṃ dohāṃ ne tyāga ditā sī.

.

naṅge asamāna de heṭhāṃ.....
maiṃ kinanā hī cira piṇḍe de mīṃha vica bhijadī rahī
oha kinnā hī cira piṇḍe de mīṃha vica galadā rahā.

phera variyāṃ de moha nūṃ.....
ika zahara vāṅga pī ke
ohade kambade hatha ne merā hatha phadiyā
cala! chiṇāṃ de sira te ika chata pāiye!
vekha! ahu-sāmaṇe parāṃ.....upara
saca ate jhūṭha de vicakāra.....kucha jagaha khālī hai

* * *

ख़ाली जगह.....

सिरफ़ दो रजवाड़े सन.....
इक ने मैनुं ते उहनूं बेदखल कीता सी,
ते दूजे नूं असां दोहां ने त्याग दिता सी।

नंगे असमान दे हेठां.....
मैं किन्ना ही चिर पिंडे दे मींह विच भिजदी रही
ओह किन्ना ही चिर पिंडे दे मींह विच गलदा रहा।

फेर वरियां दे मोह नूं.....
इक ज़हर वांग पी के
ओहदे कंवदे हथ ने मेरा हथ फड़िया
चल! छिणां दे सिर ते इक छत पाइये!
वेख! अहु—सामणे परां.....उपर
सच अते झूठ दे विचकार.....कुछ जगह ख़ाली है

* * *

ਇਕ ਮੁਲਾਕਾਤ

ਕਈ ਵਰ੍ਹਿਆਂ ਦੇ ਪਿੱਛੋਂ ਅਚਾਨਕ ਇਕ ਮੁਲਾਕਾਤ
ਤੇ ਦੋਹਾਂ ਦੀ ਜਿੰਦ ਇਕ ਨਜ਼ਮ ਵਾਂਗ ਕੰਬੀ ...

ਸਾਹਵੇਂ ਸਮੱਚੀ ਰਾਤ ਸੀ
ਪਰ ਅੱਧੀ ਨਜ਼ਮ ਇਕ ਗੁੱਠ ਵਿਚ ਲੱਗੀ ਰਹੀ
ਤੇ ਅੱਧੀ ਨਜ਼ਮ ਇਕ ਗੁੱਠ ਵਿਚ ਲਗੀ ਰਹੀ ...

ਫਿਰ ਸਵੇਰ ਸਾਰ—
ਅਸੀਂ ਕਾਗ਼ਜ਼ ਦੇ ਪਾਟੇ ਹੋਏ ਟੁਕੜਿਆਂ ਦੀ ਤਰ੍ਹਾਂ ਮਿਲੇ
ਮੈਂ ਆਪਣੇ ਹੱਥ ਵਿਚ ਉਹਦਾ ਹੱਥ ਫੜਿਆ
ਉਸ ਆਪਣੀ ਬਾਂਹ ਵਿਚ ਮੇਰੀ ਬਾਂਹ ਲੀਤੀ

ਤੇ ਫੇਰ ਅਸੀਂ ਦੋਵੇਂ ਇਕ ਸੈਂਸਰ ਦੀ ਤਰ੍ਹਾਂ ਹੱਸੇ
ਤੇ ਕਾਗ਼ਜ਼ ਨੂੰ ਇਕ ਠੰਢੇ ਮੇਜ਼ 'ਤੇ ਰੱਖ ਕੇ
ਉਸ ਸਾਰੀ ਨਜ਼ਮ 'ਤੇ ਇਕ ਲੀਕ ਫੇਰ ਦਿੱਤੀ ...

Encounter

Years later
We chanced upon each other,
Tremulous
As a poem...

The night was ahead.
Part of the poem remained,
The rest elsewhere...

At daybreak
We met again
Like two shreds of paper.
I took his hand in mine.
He held my arm.
We laughed
Ad with brutal certainty
Censored the poem.

Muṭhbher...

kaī varihāṃ de picchoṃ acānaka ika mulāqāta
te dohāṃ dī jinda ika nazama vāṅga kambī

sāṃhave samucī rāta sī
para adyī nazama ika guṭha vica lagī rahī
te adhdī nazama ika guṭha vica lagī rahī

phira sabera sāra.....
asī kāgẖaza de pāṭe hoye ṭukaṫiyāṃ dī taraha mile
maiṃ āpaṇe hattha vica ohadā hattha phaṫiā
usa āpaṇī bāṃha vica merī bāṃha līṭī

te phera asī doveṃ ika saisara dī tarahāṁ hasse
te kāgẖaza nūṃ ika ṭhaṇḍe meza te rakha ke
osa sārī nazama te ika līka phera dittī

मुठभेड़.....

कई वरिहां दे पिच्छों अचानक इक मुलाकात
ते दोहां दी जिंद इक नज़म वांग कम्बी

सांहवे समुची रात सी
पर अद्धी नज़म इक गुठ विच लगी रही
ते अद्धी नज़म इक गुठ विच लगी रही

फिर सबेर सार.....
असी काग़ज़ दे पाटे होये टुकड़ियां दी तरह मिले
मैं आपणे हत्थ विच ओहदा हत्थ फड़िआ
उस आपणी बांह विच मेरी बांह लीती

ते फेर असी दोवें इक सैसर दी तरहां हस्से
ते काग़ज़ नूं इक ठंडे मेज़ ते रख के
ओस सारी नज़म ते इक लीक फेर दित्ती

* * *

ਅਰਜ਼

ਰਾਤ-ਕੁੜੀ ਦੀ ਝੋਲੀ ਪਾਉ
ਚਿੱਟਾਂ ਚੰਨ ਗਰੀ ਦਾ ਖੋਪਾ, ਨਾਲ ਸਿਤਾਰੇ—ਮੁੱਠ ਛੁਹਾਰੇ।

ਪੀੜ-ਕੁੜੀ ਦੀ ਝੋਲੀ ਪਾਉ
ਦਿਲ ਦਾ ਜ਼ਖ਼ਮ ਨਰੇਲ ਸਬੂਤਾ, ਨਾਲ ਛੁਹਾਰੇ—ਹੰਝੂ ਖਾਰੇ।

ਪੂਰਬ ਨੇ ਪੰਘੂੜਾ ਡਾਹਿਆ, ਜੱਦੀ ਪੁਸ਼ਤੀ ਇਕ ਪੰਘੂੜਾ
ਸੂਰਜ ਪਿਆ ਰਾਤ ਦੀ ਕੁੱਖੇ।

ਹੋਠਾਂ ਨੇ ਪੰਘੂੜਾ ਡਾਹਿਆ, ਜੱਦੀ ਪੁਸ਼ਤੀ ਇਕ ਪੰਘੂੜਾ
ਗੀਤ ਪਿਆ ਪੀੜਾਂ ਦੀ ਕੁੱਖੇ।

ਅੰਬਰ ਵੈਦ ਸੁਵੈਦ ਸੁਣੀਂਦਾ
ਰਾਤ-ਕੁੜੀ ਦੀ ਨਾੜੀ ਟੁੰਵੇ, ਪੀੜ-ਕੁੜੀ ਦੀ ਨਾੜੀ ਟੁੰਵੇ।

ਅਰਜ਼ ਕਰੇ ਧਰਤੀ ਦੀ ਦਾਈ :
ਰਾਤ ਕਦੇ ਵੀ ਬਾਂਝ ਨਾ ਹੋਵੇ ! ਪੀੜ ਕਦੇ ਵੀ ਬਾਂਝ ਨਾ ਹੋਵੇ !

Appeal

Set in the lap of young night
A white coconut-moon
and for dates a handful of stars.

And set in the lap of young pain
for coconut the heart's wound,
and for dates a few tears.

The east is preparing its cradle,
its eternal cradle.
Pain is pregnant with song.

Sky, the ancient sage
is taking the pulse of night,
The pulse of pain.

Midwife earth is praying
that night may never be barren,
and pain never be barren.

Araz....

rāta-kuḑī dīra jholī pāo
ciṭṭā caṇa garī dā khopā,
nāla sitāre-muṭha chuhāre.

pīḑa-kuḑī dī jholī pāo
dila dā zakhma narela subūta,
nāla chuhāre-hañjhū khāre.

puraba ne paghudā ḍāhiyā,
jaddī puśatī ika paṅghuḑā
sūraja piyā rāta dī kukhe.

hoṇṭhāṃ ne paṅghuḑā ḍāhiyā
jaddī puśatī ika paṅghuḑā
gīta piyā pīḑā dī kukhe.

aṃbara vaida subaida sunīndā
rāta-kuhī dī nāḑī ṭove
pīḑa-kuḑī dī nāḑī ṭove.

araza kare dharatī dī dāī
rāta kaḑhe vī bāñjha na hove.
pīḑa kade vī bāñjha nā hove.

* * *

अरज़.....

रात–कुड़ी दी झोली पाओ
चिट्टा चण गरी दा खोपा,
नाल सितारे–मुठ छुहारे।

पीड़–कुड़ी दी झोली पाओ
दिल दा जख्म नरेल सुबूत,
नाल छुहारे–हंझू खारे।

पुरब ने पघुड़ा डाहिया,
जददी पुशती इक पंघुड़ा
सूरज पिया रात दी कुखे।

होंठां ने पंघुड़ा डाहिया
जददी पुशती इक पंघुड़ा
गीत पिया पीड़ा दी कुखे।

अंबर वैद सुबैद सुनींदा
रात कुही दी नाड़ी टोवे
पीड़ कुड़ी दी नाड़ी टोवे

अरज करे धरती दी दाई
रात कढ़े वी बांझ न होवे!
पीड़ कदे वी बांझ ना होवे!

* * *

ਸਟਿੱਲ ਲਾਈਫ਼

ਇਹ ਜੱਲ੍ਹਿਆਂ ਵਾਲਾ—
ਤੇ ਉਸ ਦੀ ਕੰਧ ਵਿਚ, ਚੁੱਪਚਾਪ ਬੈਠੇ, ਗੋਲੀਆਂ ਦੇ ਛੇਕ !
ਇਹ ਸਾਏਬੇਰੀਆ—
ਤੇ ਉਸ ਦੀ ਜ਼ਮੀਨ 'ਤੇ, ਚੀਕਾਂ ਦੇ ਟੁਕੜੇ, ਬਰਫ਼ ਵਿਚ ਜੰਮੇ।
ਕਾਂਸੰਟ੍ਰੇਸ਼ਨ ਕੈਂਪ—
ਮਨੁੱਖੀ ਮਾਸ ਦੀ ਹਵਾੜ੍ਹ ਭਠੀਆਂ ਦੀ ਰਾਖ ਵਿਚ ਸੁੱਤੀ।
ਇਹ ਕਾਰਗੁਯੇਵਾਚ—
ਜਿਹਦੀ ਕੁੱਲ ਵੱਸੋਂ, ਇਕ ਪੱਥਰ ਦੇ ਬੁੱਤ ਵਿਚ ਸਿਮਟੀ।
ਇਹ ਹੀਰੋਸ਼ੀਮਾ ਹੈ—
ਜੋ ਇਕ ਗੁੱਠੇ ਇਕ ਪਾਟੇ ਹੋਏ ਦਸਤਾਵੇਜ਼ ਵਾਂਗ ਡਿੱਗਾ
ਤੇ ਇਹ ਪਰਾਗ—
ਜੋ ਸਾਹ ਘੁੱਟ ਕੇ ਅੱਜ ਸੈਂਸਰ ਦੀ ਪੀਡੀ ਮੁੱਠ ਵਿਚ ਬੈਠਾ।
ਹਰ ਚੀਜ਼ ਚੁੱਪ ਤੇ ਅਡੋਲ ਹੈ
ਸਿਰਫ਼ ਮੇਰੀ ਛਾਤੀ ਦੇ ਵਿੱਚੋਂ ਇਕ ਉੱਭਾ ਸਾਹ ਨਿਕਲਦਾ
ਤੇ ਧਰਤੀ ਦਾ ਹਰ ਟੁਕੜਾ ਹਿੱਲ ਜਿਹਾ ਜਾਂਦਾ ...

Jallian wala

Jallianwala :
a silent wall scarred by bullets.

Siberia :
broken cries buried beneath icé.

Concentration camps :
smell of incinerated human flesh.

Karogojawac :
an entire population in a single status.

Hiroshima :
a torn ancient palimpsest.

Prague :
trapped, breathless, in the censor's fit.

All, pale, lifeless.
This breathe of disgust alone
my breath exhales.

The soil trembles.

* * *

Jalīyāṃ Vālā....

eha jaliyāṃ vālā-
te usa dī kandha vica, cupa cāpa baiṭhe, goliyāṃ de cheka!
eha sāiberiyā-
te usa dī zamīna te, cīkāṃ de ṭukaṫe, barfa vica jammẹ.
kāṃsanaṭreśana kaimpa-
manukhī māsa dī havāda bhaṭhīyāṃ dī sakha vica sutī.
eha karāguṭoḋavāca-
jihadī kula vasoṃ, ika patthara de buta vica simaṭī.
eha hirośīmā hai-
jo ika guṭhe, ika pāṭe hoe dastāveza vāṅga ḍigā.
te eha parāga-
jo sāha ghuṭa ke aja saiṃsara dī pīḋhī muṭha ghica baiṭhā.
hara cīza cupa te aḍola hai-
sirfa merī chātī de viccoṃ ika ubhā sāha nikaladā
te dharatī dā hara ṭukaḋā hila jihā jāndā.....

* * *

जलीयां वाला.....

एह जलियां वाला–
ते उस दी कंध क्चि, चुप चाप बैठे, गोलियां दे छेक!
एह साइबेरिया–
ते उस दी ज़मीन 'ते, चीकां दे टुकड़े, बर्फ़ विच जम्मे।
कांसनट्रेशन कैंप–
मनुस्वी मास दी हवाड़ भठीयां दी रास्व विच सुती।
एह करागुटोड़वाच–
जिहदी कुल वसों, इक पत्थर दे बुत विच सिमटी।
एह हिरोशीमा है–
जो इक गुठे, इक पाटे होए दस्तावेज़ वांग डिगा।
ते एह पराग–
जो साह घुट के अज सैंसर दी पीढ़ी मुठ घिच बैठा।
हर चीज़ चुप ते अडोल है–
सिर्फ़ मेरी छाती दे विच्चों इक उभा साह निकलदा
ते धरती दा हर टुकड़ा हिल जिहा जांदा.....

* * *

ਆਤਮ-ਮਿਲਣ

ਮੇਰੀ ਸੇਜ ਹਾਜ਼ਰ ਹੈ—
ਪਰ ਜੁੱਤੀ ਤੇ ਕਮੀਜ਼ ਵਾਂਗਣ
ਤੂੰ ਆਪਣਾ ਬਦਨ ਵੀ ਉਤਾਰ ਦੇ !
ਪਰਾਂ ਮੜ੍ਹੇ 'ਤੇ ਰੱਖ ਦੇ !
ਕੋਈ ਖ਼ਾਸ ਗੱਲ ਨਹੀਂ—
ਇਹ ਆਪਣੇ ਆਪਣੇ ਦੇਸ ਦਾ ਰਵਾਜ ਹੈ।

* * *

Meeting the self

My bed is ready for you!
But first take off your shirt and shoes
and put it away on the stool.

It doesn't matter very much
Every country has its own customs.

* * *

Ātm Milan....

merī seja hāzara hai-
para juttī hai kamīza vāṅgaṇa
tūṃ apaṇā badana vī utāra de
parāṃ mūdhe te rakha de.

koī khāsa gala nahīṃ
iha āpaṇe-āpaṇe desa dā rivāja hai

आतम मिलन.....

मेरी सेज हाज़र है–
पर जुत्ती है कमीज़ वांगण
तूं अपणा बदन वी उतार दे
परां मूढ़े 'ते रख दे।

कोई ख़ास गल नहीं
इह आपणे–आपणे देस दा रिवाज है।

ਆਦਿ ਸੰਗੀਤ

ਮੈਂ ਸਾਂ—ਤੇ ਸ਼ਾਇਦ ਤੂੰ ਵੀ ...

ਇਕ ਅੰਤ ਹੀਨ ਚੁੱਪ ਹੁੰਦੀ ਸੀ
ਜੋ ਸੁੱਕੇ ਹੋਏ ਪੱਤੇ ਦੀ ਤਰ੍ਹਾਂ ਝੁਰਦੀ
ਜਾਂ ਅਜਾਈਂ, ਕੰਢੇ ਦੀ ਰੇਤ ਵਾਂਗ ਖੁਰਦੀ।
ਪਰ ਉਹ ਪਰਾ-ਇਤਿਹਾਸਕ ਸਮਿਆਂ ਦੀ ਗੱਲ ਹੈ .

ਮੈਂ ਤੈਨੂੰ ਇਕ ਮੋੜ ਤੇ ਆਵਾਜ਼ ਦਿੱਤੀ
ਤੇ ਅੱਗੋਂ ਤੂੰ ਮੋੜਵੀਂ ਆਵਾਜ਼ ਦਿੱਤੀ
ਤਾਂ ਪੌਣਾਂ ਦੇ ਸੰਘ ਵਿਚ ਕੁਝ ਥਰਥਰਾਇਆ,
ਮਿੱਟੀ ਦੇ ਕਿਣਕੇ ਕੁਝ ਸਰਸਰਾਏ
ਤੇ ਨਦੀ ਦਾ ਪਾਣੀ ਕੁਝ ਗੁਣਗੁਣਾਇਆ,
ਰੁੱਖ ਦੀਆਂ ਟਾਹਣਾਂ ਕੁਝ ਕੱਸੀਆਂ ਗਈਆਂ
ਪੱਤਿਆਂ ਦੇ ਵਿੱਚੋਂ ਇਕ ਛਣਕ ਆਈ
ਫੁੱਲ ਦੀ ਡੋਡੀ ਨੇ ਅੱਖ ਝਮਕੀ
ਤੇ ਇਕ ਚਿੜੀ ਦੇ ਕੁਝ ਖੰਭ ਹਿੱਲੇ,
ਇਹ ਪਹਿਲਾ ਨਾਦ ਸੀ ਜੋ ਕੰਨਾਂ ਨੇ ਸੁਣਿਆ ਸੀ,

ਸਪਤ ਸੁਰਾਂ ਦੀ ਸੰਗਿਆ ਤਾਂ ਬਹੁਤ ਪਿੱਛੋਂ ਦੀ ਹੈ

First Melody

There was I and probably you as well
and an infinite silent stillness.
Brittle like a dry, parched leaf,
gritty like sands on a seashore.
But that's tale of prehistoric times.

At a road crossing I called out to you
and you answered my call.
And in the winds' throat there was a quiver
and particles of earth were animated
And the waters of brooks hummed in melody.
Branches of trees grew a trifle tense,
there was stirring in the leaves.
A little bud twinkled an eye,
and a bird fluffed out its feathers.
That was the first song that the ears heard.

The septet of the lute came much later.

Pahilī Dhun....

maiṃ sāṃ te śāyada tūṃ vī.....
ika aṃtahīna cupa hundī sī
jo sukke hoe patte dī tarāṃ bhuradī
jāṃ ajāīṃ, kaṇḍe dī reta vāṅga khuradī.
para oha pūrva-aitihāsaka samayāṃ dī gala hai.....

maiṃ tainūṃ ika moṵda te āvāza dittī
te aggoṃ tūṃ moṵdavīṃ āvāza dittī
tāṃ pauṇāṃ de saṅgha vica kujha tharatharāyā,
miṭṭī de kiṇake kujha sarasarāe
te nadī dā pāṇī kujha guṇaguṇāyā,
rukha diyāṃ ṭāhaṇāṃ kujha kasīyāṃ gaīyāṃ,
pattiyāṃ de viccoṃ ika chaṇaka āī
phula dī ḍhoḍhī ne akha jhamakī
te ika ciṵdī de kujha khambha hille,
cha pahalā nāda sī jo kanāṃ ne suṇiyā sī,

sapata surāṃ dī sañjñā tāṃ bahuta picchoṃ dī hai....

* * *

पहली धुन.....

मैं सां ते शायद तं वी.....
इक अंतहीन चुप हुंदी सी
जो सुक्के होए पत्ते दी तरां भुरदी
जां अजाईं, कंडे दी रेत वांग खुरदी।
पर ओह पूर्व-ऐतिहासक समयां दी गल है.....

मैं तैनूं इक मोड़ ते आवाज़ दित्ती
ते अग्गों तूं मोड़वीं आवाज़ दित्ती
तां पौणां दे संघ विच कुझ थरथराया,
मिट्टी दे किणके कुझ सरसराए
ते नदी दा पाणी कुझ गुणगुणाया,
रुख़ दियां टाहणां कुझ कसीयां गईयां,
पत्तियां दे विच्चों इक छणक आई
फुल दी ढोढी ने अख झंमकी
ते इक चिड़ी दे कुझ खंभ हिल्ले,
एह पहला नाद सी जो कनां ने सुणिया सी,

सपत सुरां दी संज्ञा तां बहुत पिच्छों दी है.....

* * *

ਆਦਿ ਪੁਸਤਕ

ਮੈਂ ਸਾਂ—ਤੇ ਸ਼ਾਇਦ ਤੂੰ ਵੀ ...

ਸ਼ਾਇਦ ਇਕ ਸਾਹ ਦੀ ਵਿੱਥ ਤੇ ਖਲੋਤਾ
ਸ਼ਾਇਦ ਇਕ ਨਜ਼ਰ ਦੇ ਹਨੇਰੇ ਤੇ ਬੈਠਾ
ਸ਼ਾਇਦ ਅਹਿਸਾਸ ਦੇ ਇਕ ਮੋੜ ਤੇ ਤੁਰਦਾ।
ਪਰ ਉਹ ਪਰਾ-ਇਤਿਹਾਸਕ ਸਮਿਆਂ ਦੀ ਗੱਲ ਹੈ ...

ਇਹ ਮੇਰੀ ਤੇ ਤੇਰੀ ਹੋਂਦ ਸੀ
ਜੋ ਦੁਨੀਆਂ ਦੀ ਆਦਿ ਭਾਸ਼ਾ ਬਣੀ
ਮੈਂ ਦੀ ਪਹਿਚਾਣ ਦੇ ਅੱਖਰ ਬਣੇ
ਤੂੰ ਦੀ ਪਹਿਚਾਣ ਦੇ ਅੱਖਰ ਬਣੇ
ਤੇ ਉਹਨਾਂ ਉਹ ਆਦਿ ਭਾਸ਼ਾ ਦੀ ਆਦਿ ਪੁਸਤਕ ਲਿਖੀ।

ਇਹ ਮੇਰਾ ਤੇ ਤੇਰਾ ਮੇਲ ਸੀ
ਅਸੀਂ ਪੱਥਰਾਂ ਦੀ ਸੇਜ ਤੇ ਸੁੱਤੇ,
ਤੇ ਅੱਖਾਂ ਹੋਠ ਉਂਗਲਾਂ ਪੋਟੇ
ਮੇਰੇ ਤੇ ਤੇਰੇ ਬਦਨ ਦੇ ਅੱਖਰ ਬਣੇ
ਤੇ ਉਹਨਾਂ ਉਹ ਆਦਿ ਪੁਸਤਕ ਅਨੁਵਾਦ ਕੀਤੀ।

ਰਿਗ ਵੇਦ ਦੀ ਰਚਨਾ ਤਾਂ ਬਹੁਤ ਪਿੱਛੋਂ ਦੀ ਗੱਲ ਹੈ ...

* * *

First Book

I was there- and perhaps you as well,
standing perhaps a breath away,
Perhaps perched in the darkness of a vision,
perhaps moving on a turning point of consciousness,
But that was a tale of prehistoric times,

That was our existence, yours and mine,
which become the first language of the world.
Words were coined to identify me,
words were coined to identify you,
And they wrote in that first language, their first book.

That was our tryst, yours and mine,
we slept on a bed of stones,
And our eyes, lips and finger tips
become the words of your body and mine.
They then made translation of this first book.

The Rig Veda was compiled much later.

* * *

Ādi Pustak....

maiṃ sāṃ- te śāyada tūṃ vi.....

śāyada ika sāha dī vitha te khalotā
śāyada ika nazara de hanere te baiṭhā
śāyada ahasāsa de ika moṵda te turadā.
para oha pūrva aitihāsaka samayāṃ dī gala hai.....

eha merī te terī honda sī
jo duniyāṃ dī ādi bhāṣā baṇī
maiṃ dī pahacāṇa de akkhara baṇe
tūṃ dī pahacāṇa de akkhara baṇeṃ
te uhanāṃ uha ādi bhāṣā dī ādi pustaka likhī.

eha merā te terā mela sī
asī patthārāṃ dī seja te sutte,
te akhāṃ hoṭha ugalāṃ poṭe
mere te tere badana de akkhara baṇe
te uhanāṃ oha ādi pustaka anuvāda kītī.

rigaveda dī racanā tāṃ bahuta picchoṃ dī gala hai.....

* * *

आदि पुस्तक.....

मैं सां– ते शायद तं वी.....

शायद इक साह दी विथ ते खलोता
शायद इक नज़र दे हनेरे ते बैठा
शायद अहसास दे इक मोड़ ते तुरदा।
पर ओह पूर्व ऐतिहासक समयां दी गल है.....

एह मेरी ते तेरी होंद सी
जो दुनियां दी आदि भाषा बणी
मैं दी पहचाण दे अक्खर बणे
तूं दी पहचाण दे अक्खर बणे
ते उहनां उह आदि भाषा दी आदि पुस्तक लिखी।

एह मेरा ते तेरा मेल सी
असी पत्थरां दी सेज ते सुत्ते,
ते अखां होठ उगलां पोटे
मेरे ते तेरे वदन दे अक्खर बणे
ते उहनां ओह आदि पुस्तक अनुवाद कीती।

रिगवेद दी रचना तां बहुत पिच्छों दी गल है.....

* * *

ਆਦਿ ਕਬੀਲਾ

ਮੈਂ ਦੀ ਜਦ ਰੁੱਤ ਮੌਲੀ ਸੀ
ਮਾਸ ਦੇ ਬੂਟੇ ਨੂੰ ਬੂਰ ਆਇਆ ਸੀ
ਪੌਣ ਕੰਨੀਂ ਮਹਿਕ ਬੱਝੀ ਸੀ
ਤੂੰ ਦਾ ਅੱਖਰ ਲਹਿਲਹਾਇਆ ਸੀ ...

ਮੈਂ ਦੀ ਤੇ ਤੂੰ ਦੀ ਛਾਵੇਂ
ਜਦ "ਉਹ" ਆ ਕੇ ਨਚਿੰਤ ਸੁੱਤਾ ਸੀ
ਇਹ "ਉਹ" ਦਾ ਇਕ ਮੋਹ ਸੀ
ਕਿ ਕਣਕ ਦਾ ਦਾਣਾ ਅਸਾਂ ਵੰਡ ਲੀਤਾ ਸੀ,
"ਉਹ" ਸਹਜ ਸੀ, ਸੁਭਾਵਕ ਸੀ, ਮੈਂ ਦੀ ਤੇ ਤੂੰ ਦੀ ਤ੍ਰਿਪਤੀ

ਕਬੀਲਿਆਂ ਦੀ ਕਥਾ ਤਾਂ ਬਹੁਤ ਪਿੱਛੋਂ ਦੀ ਗੱਲ ਹੈ ...

Primtive Tribe

When the season of spring came over me
and the plant of flesh came into bud.
That filled the air with fragrance
The word "you" blossomed into created
came he and slept without a care in the world.

I was enamoured of him.
We had shared a grain of wheat.
The other was in the course of things
and the fulfillment of you and I.

Tribal tales came much later.

* * *

Ādi Kabīlā....

maiṃ dī jada rūta mailī sī
māsa de būṭe nūṃ bura āiyā sī
pauṇa kannīṃ mahaka bujhī sī
tūṃ dā akkhara lahalahāyā sī.....

'maiṃ' dī te 'tūṃ' dī chāveṃ
jada 'oha' ā ke nicinta suttā sī
eha 'oha' dā ika moha sī
ki kaṇaka dā dāṇā asāṃ vaṇḍa lītā sī,
'oha' sahaja sī, subhāvaka sī, maiṃ dī te tūṃ dī trapti

kabīlīyāṃ dī kathā tāṃ bahuta pichoṃ dī gala hai.....

* * *

आदि कबीला.....

मैं दी जद रूत मैली सी
मास दे बूटे नूं बुर आइया सी
पौण कंनीं महक वझी सी
तूं दा अक्खर लहलहाया सी.....

'मैं' दी ते 'तूं' दी छावें
जद 'ओह' आ के निचिंत सुत्ता सी
एह 'ओह' दा इक मोह सी
कि कणक दा दाणा असां वंड लीता सी,
'ओह' सहज सी, सुभावक सी, मैं दी ते तूं दी तृप्ति

कबीलीयां दी कथा तां बहुत पिछों दी गल है.....

* * *

ਆਦਿ ਸਿਮ੍ਰਿਤੀ

ਕਾਇਆ ਦੀ ਹਕੀਕਤ ਤੋਂ ਲੈ ਕੇ—
ਕਾਇਆ ਦੀ ਆਬਰੂ ਤੀਕਣ ਮੈਂ ਸਾਂ,
ਕਾਇਆ ਦੇ ਹੁਸਨ ਤੋਂ ਲੈ ਕੇ—
ਕਾਇਆ ਦੇ ਇਸ਼ਕ ਤੀਕਣ ਤੂੰ ਸੀ।

ਇਹ ਮੈਂ ਅੱਖਰ ਦਾ ਇਲਮ ਸੀ
ਜਿਸ ਮੈਂ ਨੂੰ ਇਖ਼ਲਾਕ ਦਿੱਤਾ ਸੀ।
ਇਹ ਤੂੰ ਅੱਖਰ ਦਾ ਜਸ਼ਨ ਸੀ
ਜਿਸ "ਉਹ" ਨੂੰ ਪਹਿਚਾਣ ਲੀਤਾ ਸੀ,
ਭੈਅ ਮੁਕਤ ਮੈਂ ਦੀ ਹਸਤੀ, ਦੇ ਭੈਅ ਮੁਕਤ ਤੂੰ ਦੀ, ਉਹ ਦੀ

ਮਨ ਦੀ ਸਿਮ੍ਰਿਤੀ ਤਾਂ ਬਹੁਤ ਪਿੱਛੋਂ ਦੀ ਗੱਲ ਹੈ ...

Primitive Law

From the essence of the form
to its final fulfillment, it was I..
From the beauty of the form
to its consummation, it was you.

I was the knowledge of the word,
realisation of the 'I',
And carnival of the 'you'
where the identity of the 'he' was established.
My existence was freed of fear,
freed of instilling fear both you and he.

The code of Manu came much later.

* * *

Ādi Vidhān....

kāiyā dī hakīkata toṃ lai ke-
kāiyā dī ābarū tīkaṇa maiṃ sāṃ,
kāiyā de husana toṃ lai ke-
kāiyā de iśaka tīkaṇa tūṃ sī.

eha "maiṃ' akkhara dā ilama sī
jisa 'maiṃ' nūṃ ikhalāka dittā sī.
eha 'tūṃ' akkhara dā jaśana sī
jisa 'oha' nūṃ pahacāṇa līttā sī,
bhaya-mukta 'maiṃ' dī hastī, de bhaya-mukta "teṃ' dī, oha dī

mana dī smrati tāṃ bahuta piche dī gala hai.....

* * *

आदि विधान.....

काइया दी हकीकत तों लै के–
काइया दी आबरू तीकण मैं सां,
काइया दे हुसन तों लै के–
काइया दे इशक तीकण तूं सी।

एह 'मैं' अक्खर दा इलम सी
जिस 'मैं' नूं इख़्तलाक दित्ता सी।
एह 'तं' अक्खर दा जशन सी
जिस 'ओह' नूं पहचाण लीता सी,
भय–मुक्त 'मैं' दी हस्ती, दे भय–मुक्त 'तूं' दी, ओह दी

मन दी स्मृति तां बहुत पिछे दी गल है.....

* * *

ਆਦਿ ਧਰਮ

ਮੈਂ ਨੇ ਜਦ ਤੂੰ ਨੂੰ ਪਹਿਨਿਆ
ਤਾਂ ਦੋਵੇਂ ਹੀ ਪਿੰਡੇ ਅੰਤਰ ਧਿਆਨ ਸਨ,
ਅੰਗ ਫੁੱਲਾਂ ਦੀ ਤਰ੍ਹਾਂ ਗੁੰਦੇ ਗਏ
ਤੇ ਰੂਹ ਦੀ ਦਰਗਾਹ ਤੇ ਅਰਪੇ ਗਏ ...

ਤੂੰ ਤੇ ਮੈਂ ਸੁਗੰਧਿਤ ਸਾਮਿੱਗਰੀ,
ਇਕ ਦੂਜੇ ਦਾ ਨਾਂ ਹੋਠਾਂ ਤੋਂ ਨਿਕਲਿਆ
ਤਾਂ ਉਹੀ ਨਾਂ ਪੂਜਾ ਦੇ ਮੰਤਰ ਸਨ,
ਇਹ ਤੇਰੀ ਤੇ ਮੇਰੀ ਹੋਂਦ ਦਾ ਇਕ ਯੱਗ ਸੀ,

ਧਰਮ ਕਰਮ ਦੀ ਸਾਖੀ ਤਾਂ ਬਹੁਤ ਪਿੱਛੋਂ ਦੀ ਗੱਲ ਹੈ

The First Religion

When I draped myself with your being
our bodies were turned within in meditation.
Then our limbs entwined like flowers in a garland
as an offering at the altar of the soul.

You and I, incense offered at a sacrificial fire.
Our names slipped out our lips
to become a sacred hymnal.
That was a sacred ceremony for you and me.

Religious rituals came much later.

* * *

Ādi Dharam....

maiṃ ne jada tūṃ nūṃ pahaniyā
tāṃ doveṃ hī piṇḍe aṃtara dhiyāna sana,
aṃga phulāṃ dī tarāṃ gunde gae
te rūha dī daragāha te arape gae.....

tūṃ te maiṃ sugandhita sāmigrī
ika dūje dā nāṃ hoṭhāṃ toṃ nikalayā
tāṃ ohī nāṃ pūjā de mantara sana,
eha terī te merī honda dā ika yaga sī

dharama karama dī sāthī tāṃ bahuta picchoṃ dī gala hai.....

आदि धरम.....

मैं ने जद तूं नूं पहनिया
तां दोवें ही पिंडे अंतर धियान सन,
अंग फुलां दी तरां गुंदे गए
ते रूह दी दरगाह ते अरपे गए.....

तूं ते मैं सुगंधित सामिग्री
इक दूजे दा नां होठां तों निकलया
तां ओही नां पूजा दे मंतर सन,
एह तेरी ते मेरी होंद दा इक यग सी

धरम करम दी साथी तां बहुत पिच्छों दी गल है..

* * *

ਆਦਿ ਰਚਨਾ

ਮੈਂ—ਇਕ ਨਿਰਾਕਾਰ ਮੈਂ ਸਾਂ ...

ਇਹ ਮੈਂ ਦਾ ਸੰਕਲਪ ਸੀ, ਜੋ ਪਾਣੀ ਦਾ ਰੂਪ ਬਣਿਆ
ਤੇ ਤੂੰ ਦਾ ਸੰਕਲਪ ਸੀ ਜੋ ਅੱਗ ਵਾਂਗ ਫਰਿਆ
ਤੇ ਅੱਗ ਦਾ ਜਲਵਾ ਪਾਣੀਆਂ ਤੇ ਤੁਰਿਆ।
ਪਰ ਉਹ ਪਰਾ-ਇਤਿਹਾਸਕ ਸਮਿਆਂ ਦੀ ਗੱਲ ਹੈ ...

ਇਹ ਮੈਂ ਦੀ ਮਿੱਟੀ ਦੀ ਤ੍ਰੇਹ ਸੀ
ਕਿ ਉਸ ਨੇ ਤੂੰ ਦਾ ਦਰਿਆ ਪੀਤਾ,
ਇਹ ਮੈਂ ਦੀ ਮਿੱਟੀ ਦਾ ਹਰਾ ਸੁਪਨਾ
ਕਿ ਤੂੰ ਦਾ ਜੰਗਲ ਉਸ ਲੱਭ ਲੀਤਾ,
ਇਹ ਮੈਂ ਦੀ ਮਿੱਟੀ ਦੀ ਵਾਸ਼ਨਾ
ਤੇ ਤੂੰ ਦੇ ਅੰਬਰ ਦਾ ਇਸ਼ਕ ਸੀ
ਕਿ ਤੂੰ ਦਾ ਨੀਲਾ ਜਿਹਾ ਸੁਪਨਾ
ਮਿੱਟੀ ਦੀ ਸੇਜ ਤੇ ਸੁੱਤਾ।
ਇਹ ਤੇਰੇ ਤੇ ਮੇਰੇ ਮਾਸ ਦੀ ਸੁਗੰਧ ਸੀ—
ਤੇ ਏਹੋ ਹਕੀਕਤ ਦੀ ਆਦਿ ਰਚਨਾ ਸੀ,

ਸੰਸਾਰ ਦੀ ਰਚਨਾ ਤਾਂ ਬਹੁਤ ਪਿੱਛੋਂ ਦੀ ਗੱਲ ਹੈ ...

* * *

First Creation

I was a formless I . . .

The I, by its perception transformed itself into the waters.
And you, by your perception erupted into a flame of fire
and the flare of the fire floated over the waters.
But that's a tale of prehistoric times.

That was the thirst of the earthly I.
I asked my thirst from the river that was you,
that was the vivid dream of an earthly I,
That discovered you among the tangled woods.
It was the fragrance of our bodies, yours and mine,
and that is truth about creation.

The creation of the universe came much later.

Ādi Rachnā....

maiṃ-ika nirākāra 'maiṃ' sāṃ.....
eha maiṃ dā saṅkalpa sī, jo pāṇī dā rūpa baṇayā
te 'tūṃ' dā saṅkalapa sī, jo aga vāṅga pharayā
te aga dā jalavā pāṇīyāṃ te turayā.
para oha pūrva-aitihāsaka samayāṃ dī gala.....

eha 'maiṃ' dī miṭṭī dī treha sī
ki usa ne 'tūṃ' dā dariyā pītā,
eha maiṃ dī miṭṭī dā harā supanā
ki 'tūṃ' dā jaṅgala osa labha līta,
eha 'maiṃ' dī miṭṭī dī vāśanā
te 'tūṃ' de aṃbara dā iśka sī
ki 'tūṃ' dā nīlā jihā supanā
miṭṭī dī seja te suttā.
eha tere te mere māsa dī sugandha sī-
te aiho haqīqata dī ādi racanā sī,

saṃsāra dī racanā tām bahuta pichoṃ dī gala hai.....

* * *

आदि रचना.....

मैं– इक निराकार 'मैं' सां.....
एह मैं दा संकल्प सी, जो पाणी दा रूप बणया
ते 'तूं' दा संकल्प सी, जो अग वांग फुरया
ते अग दा जलवा पाणीयां ते तुरया।
पर ओह पूर्व–ऐतिहासक समयां दी गल.....

एह 'मैं' दी मिट्टी दी त्रेह सी
कि उस ने 'तूं' दा दरिया पीता,
एह मैं दी मिट्टी दा हरा सुपना
कि 'तूं' दा जंगल ओस लभ लीता,
एह 'मैं' दी मिट्टी दी वाशना
ते 'तूं' दे अंबर दा इश्क सी
कि 'तूं' दा नीला जिहा सुपना
मिट्टी दी सेज ते सुत्ता।
एह तेरे ते मेरे मास दी सुगंध सी–
ते ऐहो हक़ीक़त दी आदि रचना सी,
संसार दी रचना तां बहुत पिछों दी गल है.....

* * *

ਇਕ ਖ਼ਤ

ਯਾਰਾ ! ਤੂੰ ਖ਼ਤ ਤਾਂ ਲਿਖਿਆ ਸੀ
ਪਰ ਦੁਨੀਆਂ ਦੀ ਮਾਰਫ਼ਤ ਪਾਇਆ
ਤੇ ਮਿੱਤਰਾ ! ਮਹੱਬਤ ਦਾ ਖ਼ਤ
ਜੋ ਧਰਤੀ ਦੇ ਮੇਚ ਦਾ ਹੁੰਦਾ
ਜੋ ਅੰਬਰ ਦੇ ਨਾਪ ਦਾ ਹੁੰਦਾ
ਉਹ ਦੁਨੀਆਂ ਵਾਲਿਆਂ ਨੇ ਫੜ ਕੇ
ਇਕ ਕੌਮ ਜਿੱਡਾ ਕਤਰ ਕੇ
ਕੌਮ ਦੇ ਮੇਚੇ ਦਾ ਕੀਤਾ ਸੀ ...

ਤੇ ਫੇਰ ਸ਼ਹਿਰੀਂ ਗੱਲ ਹੁੱਲੀ ਸੀ
ਉਹ ਤੇਰਾ ਖ਼ਤ ਜੋ ਮੇਰੇ ਨਾਉਂ ਸੀ
ਲੋਕ ਕਹਿੰਦੇ ਕਿ ਮਜ਼ਹਬ ਦੇ ਪਿੰਡੇ
ਉਹ ਡਾਢਾ ਹੀ ਮੋਕਲਾ ਔਂਦਾ
ਸੋ ਖ਼ਤ ਦੀ ਇਬਾਰਤ ਨੂੰ ਉਹਨਾਂ
ਕਈ ਥਾਵਾਂ ਤੋਂ ਪਾੜ ਲੀਤਾ ਸੀ ...

ਤੇ ਅੱਗੋਂ ਤੂੰ ਜਾਣਦਾ ਕਿ ਕਹੇ ਮੱਥੇ
ਜਿਨ੍ਹਾਂ ਦੀ ਸਮਝ ਦੇ ਮੇਚੇ
ਹਰ ਅੱਖਰ ਹੀ ਮੋਕਲਾ ਔਂਦਾ
ਸੋ ਉਹਨਾਂ ਨੇ ਆਪਣੇ ਮੱਥੇ
ਅੱਖਰਾਂ ਦੇ ਨਾਲ ਪਟਕੇ
ਤੇ ਹਰ ਅੱਖੜ ਉਧੇੜ ਦਿੱਤਾ ਸੀ ...

ਤੇ ਮੈਨੂੰ ਜੋ ਖ਼ਤ ਨਹੀਂ ਮਿਲਿਆ
ਪਰ ਜਿਸ ਦੀ ਮਾਰਫ਼ਤ ਆਇਆ
ਉਹ ਦੁਨੀਆਂ ਦੁਖੀ ਹੈ—ਕਿ ਮੈਂ
ਉਸ ਖ਼ਤ ਦੇ ਜਵਾਬ ਵਰਗੀ ਹਾਂ ...

* * *

Letter

My love! You wrote me a letter
but you addressed it care of the world.
My friend, you do not know that love-letter is
as long as the earth,
as wide as the sky.
Was grabbed by wordly people
and clipped into little pieces
of the size of different nations.

Then it become the subject of gossip in the city,
that letter which you wrote to me.
The people said was too loose
to drape the body of religion
and tore up its text in many places.

The rest you know best yourself
the kind of brains people have.
Every words is too big for their comprehension
they banged their foreheads against these words
and every word way a torn-out meaning.

And the letter which I did not receive
but was addressed care of the world,
a world which is full of sorrows.
Because it found me like
the answer to that letter.

* * *

Ik Khat....

yārā! tūṃ khata tāṃ likhiā sī
para duniyā dī mārphata pāyā
te mittarā! muhabbata dā khata
jo dharatī de maica dā hundā
jo aṃbara ne nāpa dā hundā
oha duniyā vāliāṃ ne phaṇda ke
ika qauma jiḍḍā katara ke
qauma de mece dā kītā sī.....

te phera śaharīṃ galla hulī sī
oha terā khata jo mere nāṃū sī
loka kahinde ki mazahaba de piṇḍe
oha dādhā hī mokala aumdā
so khata dī ibārata nūṃ ohanāṃ
kaī thāvāṃ toṃ pāda līta sī.....

te aggoṃ tū jāṇadā ki kahe matthe
jinnāṃ dī samajha de amece
hara akkhara hī mokalā auṃdā
so ohanāṃ ne āpaṇe matthe
akkharāṃ de nāla paṭake
te hara akkhara udheda dittā sī.....

te mainnūṃ jo khata nahīṃ miliā
para jisa dī mārphata āyā
oha duniyā dukhī hai.....ki maiṃ
usa khata de javāba varagī hāṃ.....

* * *

इक ख़त.....

यारा! तूं ख़त तां लिखिआ सी
पर दुनिया दी मार्फत पाया
ते मित्तरा! मुहब्बत दा ख़त
जो धरती दे मैच दा हुंदा
जो अंबर ने नाप दा हुंदा
ओह दुनिया वालिआं ने फड़ के
इक क़ौम जिड्डा कतर के
क़ौम दे मेचे दा कीता सी.....

ते फेर शहरीं गल्ल हुली सी
ओह तेरा ख़त जो मेरे नांऊ सी
लोक कहिंदे कि मज़हब दे पिंडे
ओह डाढा ही मोकला औंदा
सो ख़त दी इबारत नूं ओहनां
कई थावां तों पाड़ लीता सी.....

ते अग्गों तू जाणदा कि कहे मत्थे
जिन्नां दी समझ दे मेचे
हर अक्खर ही मोकला औंदा
सो ओहनां ने आपणे मत्थे
अक्खरां दे नाल पटके
ते हर अक्खर उधेड़ दित्ता सी.....

ते मैंनूं जो ख़त नहीं मिलिआ
पर जिस दी मार्फत आया
ओह दुनिया दुखी है.....कि मैं
उस ख़त दे जवाब वरगी हां.....

* * *

ਅਜ ਆਖਾਂ ਵਾਰਸ ਸ਼ਾਹ ਨੂੰ

अज आखां वारिस शाह नूं...

اج آکھاں وارث شاہ نُوں...

Aj akhaan Waris Shah nu,
kiton qabaron vichon bol.....

amrita pritam

1919-2005

ISBN 978-81-7650-311-2

9 788176 503112

STAR PUBLICATIONS (Pvt.) Ltd.
NEW DELHI
(e-mail: starpub@satyam.net.in)